# ਡਰੱਗ ਬਾਰੇ ਜਾਣਕਾਰੀ

## ਡੇਲਾਵਰਡੀਨ (Delavirdine) (ਰੈਸਕ੍ਰਿਪਟੋਰ)

### ਮੈਨੂੰ ਡੇਲਾਵਰਡੀਨ (Delavirdine) ਦਵਾਈ ਦੇ ਤੌਰ ਤੇ ਕਿਉਂ ਦਿੱਤੀ ਜਾਂਦੀ ਹੈ?

- ਡੇਲਾਵਰਡੀਨ (Delavirdine) (ਨੂੰ ਰੈਸਕ੍ਰਿਪਟਰ ਵੀ ਕਿਹਾ ਜਾਂਦਾ ਹੈ) ਇੱਕ ਅਜਿਹੀ ਦਵਾਈ ਹੁੰਦੀ ਹੈ ਜਿਸ ਨੂੰ HIV (ਹਿਊਮਨ ਇੰਮਿਊਨੁਡੈਫੀਸ਼ੈਂਸੀ ਵਾਇਰਸ) ਦੀ ਲਾਗ ਦੇ ਇਲਾਜ ਲਈ ਦੂਜੀਆਂ ਦਵਾਈਆਂ ਨਾਲ ਮਿਲਾ ਕੇ ਵਰਤਿਆ ਜਾਂਦਾ ਹੈ।
- ਡੇਲਾਵਰਡੀਨ (Delavirdine) "ਰਿਵੱਰਸ ਟ੍ਰਾਂਸਕ੍ਰਿਪਟੇਜ਼" ਨਾਂ ਦੇ ਪ੍ਰੋਟੀਨ ਨੂੰ ਰੋਕ ਪਾਉਂਦੀ ਹੈ। ਨਤੀਜੇ ਵੱਜੋਂ, ਇਹ ਰਿਵੱਰਸ ਟ੍ਰਾਂਸਕ੍ਰਿਪਟੇਜ ਇੰਨਹਿੱਬਟਰਜ਼ (RTIs) ਸ਼੍ਰੇਣੀ ਵਿੱਚ ਆਉਂਦੀ ਹੈ। ਏਚ ਆਈ ਵੀ (HIV) ਦੇ ਵਾਇਰਸ ਨੂੰ ਵਧਣ-ਫੁੱਲਣ ਲਈ ਇਸ ਪ੍ਰੋਟੀਨ ਦੀ ਲੋੜ ਹੁੰਦੀ ਹੈ ਇਸ ਲਈ ਇਸ ਉੱਤੇ ਰੋਕ ਪਾ ਕੇ ਦਵਾਈ ਏਚ ਆਈ ਵੀ (HIV) ਦੇ ਵਾਧੇ ਨੂੰ ਮੱਧਮ ਪਾ ਦਿੰਦੀ ਹੈ।
- ਇਹ ਦਵਾਈ ਤੁਹਾਡੇ ਸਰੀਰ ਅੰਦਰ ਵਾਇਰਸ ਦੀ ਮਾਤਰਾ ਨੂੰ ਘਟਾਅ ਸਕਦੀ ਹੈ। ਇਹ ਏਡਜ਼ ਨਾਲ ਸੰਬੰਧਤ ਬਿਮਾਰੀਆਂ ਤੋਂ ਬਿਮਾਰ ਹੋਣ ਦੇ ਮੌਕੇ ਘਟਾਅ ਦਿੰਦੀ ਹੈ, ਤੁਹਾਨੂੰ ਲੰਮੇਂ ਸਮੇਂ ਲਈ ਤੰਦਰੁਸਤ ਰੱਖਣ ਵਿੱਚ ਜਾਂ ਆਪਣੀ ਸੇਹਤ ਬਹਾਲ ਕਰਨ ਵਿੱਚ ਮਦਦ ਕਰਦੀ ਹੈ। ਤੁਹਾਡੇ ਅੰਦਰ ਬਿਮਾਰੀ ਤੋਂ ਬਚਾਅ ਕਰਨ ਦੇ ਸਿਸਟਮ ਨੂੰ ਨੁਕਸਾਨ ਹੋਣ ਤੋਂ ਬਚਾਉਂਦੀ ਹੈ।

### ਇਹ ਦਵਾਈ ਮੈਨੂੰ ਕਿਵੇਂ ਲੈਣੀ ਚਾਹੀਦੀ ਹੈ?

- ਡੇਲਾਵਰਡੀਨ (Delavirdine) 100 mg ਦੀਆਂ ਗੋਲ਼ੀਆਂ ਵਿੱਚ ਮਿਲਦੀ ਹੈ। 400 mg (4 ਗੋਲ਼ੀਆਂ) ਦੀ ਡੇਲਾਵਰਡੀਨ (Delavirdine) ਦੀ ਖ਼ੁਰਾਕ ਆਮ ਕਰ ਕੇ ਦਿਨ ਵਿੱਚ 3 ਵਾਰੀ ਲੈਣੀ ਹੁੰਦੀ ਹੈ। ਗੋਲੀਆਂ ਨੂੰ ਭਾਵੇਂ ਸਾਬਤ ਹੀ ਨਿਗਲ ਕੇ ਜਾਂ ਪਾਣੀ ਦੇ ਗਲਾਸ ਵਿੱਚ ਘੋਲ ਕੇ ਲਿਆ ਜਾਣਾ ਚਾਹੀਦਾ ਹੈ।
- ਡੇਲਾਵਰਡੀਨ (Delavirdine) ਭੋਜਨ ਦੇ ਨਾਲ ਜਾਂ ਭੋਜਨ ਤੋਂ ਬਗ਼ੈਰ ਵੀ ਲਈ ਜਾ ਸਕਦੀ ਹੈ।
- ਡੇਲਾਵਰਡੀਨ (Delavirdine) ਨੂੰ ਕਮਰੇ ਦੇ ਤਾਪਮਾਨ ਵਿੱਚ ਅਤੇ ਖ਼ੁਸ਼ਕ ਜਗ੍ਹਾ ਸਾਂਭ ਕੇ ਰੱਖਣਾ ਚਾਹੀਦਾ ਹੈ।
- ਇਸ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

### ਜੇ ਮੈਂ (ਦਵਾਈ ਦੀ) ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਕੀ ਹੁੰਦਾ ਹੈ?

- ਖੁੰਝ ਗਈ (ਦਵਾਈ ਦੀ) ਖ਼ੁਰਾਕ ਨੂੰ ਜਿੰਨੀ ਛੇਤੀ ਹੋ ਸਕੇ ਲੈ ਲਓ। ਜੇ ਤੁਹਾਡੀ (ਦਵਾਈ ਦੀ) ਅਗਲੀ ਖ਼ੁਰਾਕ ਲੈਣ ਨੂੰ ਦੋ ਘੰਟੇ ਰਹਿੰਦੇ ਹੋਣ ਤਾਂ ਬਾਕਾਇਦਾ ਨੇਮ ਜਾਰੀ ਰੱਖੋ, (ਦਵਾਈ ਦੀ) ਖ਼ੁਰਾਕ ਦੁਗਣੀ ਨਾ ਲਓ।
- ਹੁਣੇ ਹੁਣੇ ਹੋਏ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ HIV ਵਿਰੁੱਧ ਦਵਾਈਆਂ ਤਾਂ ਹੀ ਕੰਮ ਕਰਦੀਆਂ ਹਨ ਜੇ ਦਵਾਈਆਂ ਨੂੰ ਬਾਕਾਇਦਗੀ ਅਤੇ ਇੱਕਸਾਰਤਾ ਨਾਲ ਲਿਆ ਜਾਂਦਾ ਹੈ। (ਦਵਾਈ ਦੀ) ਖ਼ੁਰਾਕ ਲੈਣੀ ਖੁੰਝਣ ਜਾਂ ਭੁੱਲ ਜਾਣ ਨਾਲ ਦਵਾਈ ਆਪਣੀ ਅਸਰਦਾਇਕਤਾ ਗਵਾ ਲੈਂਦੀ ਹੈ ਕਿਉਂਕਿ ਵਾਇਰਸ ਆਪਣੇ ਆਪ ਬਦਲ ਸਕਦਾ ਹੈ ਅਤੇ ਦਵਾਈ ਨੂੰ ਬੇਅਸਰ ਕਰ ਦਿੰਦਾ ਹੈ।

### ਡੇਲਾਵਰਡੀਨ (Delavirdine) ਦੇ ਮੰਦੇ ਅਸਰ ਕੀ ਹੁੰਦੇ ਹਨ?

- ਡੇਲਾਵਰਡੀਨ (Delavirdine) ਦਾ ਸਭ ਤੋਂ ਗੰਭੀਰ ਮੰਦਾ ਅਸਰ ਚਮੜੀ ਦੀ ਛਪਾਕੀ ਹੁੰਦਾ ਹੈ ਜੋ ਇਲਾਜ ਦੇ ਪਹਿਲੇ 4 ਹਫ਼ਤਿਆਂ ਵਿੱਚ ਹੀ ਪਰਗਟ ਹੋ ਜਾਂਦਾ ਹੈ।
- ਜੇ ਛਪਾਕੀ ਹਲਕੀ ਜਿਹੀ ਹੋਵੇ ਤਾਂ ਕੁਝ ਦਵਾਈਆਂ ਨਾਲ ਇਸ ਉੱਤੇ ਕਾਬੂ ਪਾਇਆ ਜਾ ਸਕਦਾ ਹੈ ਅਤੇ ਤੁਹਾਡਾ ਸਰੀਰ ਸ਼ਾਇਦ ਦਵਾਈ ਮੁਤਾਬਕ ਢਲ਼ ਵੀ ਜਾਵੇਗਾ।
- ਜੇ ਛਪਾਕੀ ਬਹੁਤ ਹੀ ਗੰਭੀਰ ਹੋਵੇ-ਇਸ ਦੇ ਨਾਲ ਬੁਖ਼ਾਰ, ਮੂੰਹ ਵਿੱਚ ਛਾਲੇ, ਪੱਠਿਆਂ ਅਤੇ ਜੋੜਾਂ ਵਿੱਚ ਪੀੜ, ਅੱਖਾਂ ਦੀ ਸੋਜ਼ਿਸ਼ ਜਾਂ ਅੱਖਾਂ ਵਿੱਚ ਲਾਲੀ ਹੋਵੇ-ਤਾਂ ਦਵਾਈ ਲੈਣੀ ਤੁਰਤ ਬੰਦ ਕਰ ਦਿਓ ਅਤੇ ਝੱਟਪਟ ਆਪਣੇ ਡਾਕਟਰ ਜਾਂ ਦਵਾਈ ਫ਼ਰੋਸ਼ ਨੂੰ ਕਾਲ ਕਰੋ।



ASAAP
ALLIANCE FOR SOUTH ASIAN AIDS PREVENTION
www.asaap.ca
CATIE
Canadian AIDS Treatment Information Exchange
Réseau canadien d'info-traitements sida
www.catie.ca

ਡੇਲਾਵਰਡੀਨ (Delavirdine) ਦੇ ਹੋਰ ਮੰਦੇ ਅਸਰਾਂ ਵਿੱਚ ਸ਼ਾਮਲ ਹੋ ਸਕਦੇ ਹਨ:

~ ਸਿਰ ਦਰਦ
~ ਪੇਟ ਅੰਦਰ ਗੜਬੜ
~ ਦਸਤ
~ ਕਚਿਆਣ ਆਉਣੀ ਅਤੇ ਉਲਟੀਆਂ ਆਉਣੀਆਂ
~ ਥਕਾਵਟ

- ਜੇ ਤੁਹਾਨੂੰ ਇਹ ਅਲਾਮਤਾਂ ਦਿੱਸਣ ਤਾਂ ਇਨ੍ਹਾਂ ਅਲਾਮਤਾਂ ਬਾਰੇ ਗੱਲਬਾਤ ਕਰਨ ਲਈ ਡਾਕਟਰ ਜਾਂ ਦਵਾਈ ਫ਼ਰੋਸ਼ ਨੂੰ ਕਾਲ ਕਰੋ। ਡਾਕਟਰ ਜਾਂ ਦਵਾਈ ਫ਼ਰੋਸ਼ ਨਾਲ ਗਲਬਾਤ ਕਰਨ ਤੋਂ ਪਹਿਲਾਂ ਦਵਾਈ ਲੈਣੀ ਬੰਦ ਨਾ ਕਰੋ ਜਾਂ ਨਾ ਹੀ (ਦਵਾਈ ਦੀ) ਖ਼ੁਰਾਕ ਬਦਲੋ। ਉਨ੍ਹਾਂ ਕੋਲ ਅਜਿਹੇ ਸੁਝਾਅ ਹੋ ਸਕਦੇ ਹਨ ਜਿੰਨ੍ਹਾਂ ਰਾਹੀਂ ਦਵਾਈ ਲੈਣੀ ਬੰਦ ਕੀਤੇ ਬਿਨਾ ਹੀ ਮੰਦੇ ਅਸਰਾਂ ਨੂੰ ਰੋਕਿਆ ਜਾ ਸਕਦਾ ਹੋਵੇ।

**ਕੀ ਮੈਂ ਡੇਲਾਵਰਡੀਨ (Delavirdine) ਨੂੰ ਦੂਜੀਆਂ ਦਵਾਈਆਂ ਦੇ ਨਾਲ ਲੈ ਸਕਦਾ ਹਾਂ?**

- ਦੂਜੀਆਂ ਦਵਾਈਆਂ ਨਾਲ ਮਿਲ ਕੇ ਡੇਲਾਵਰਡੀਨ (Delavirdine) ਦਾ ਅਸਰ ਮਾੜਾ ਹੋ ਸਕਦਾ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ ਅਤੇ ਦਵਾਈ ਫ਼ਰੋਸ਼ ਨੂੰ ਦੱਸੋ ਕਿ ਤੁਸੀਂ ਕਿਹੜੀਆਂ ਦਵਾਈਆਂ ਨੁਸਖ਼ੇ ਨਾਲ ਅਤੇ ਕਿਹੜੀਆਂ ਬਿਨਾ ਨੁਸਖ਼ੇ (ਸਮੇਤ ਵਿਟਾਮਿਨ ਅਤੇ ਜੜੀਆਂ-ਬੂਟੀਆਂ ਦੇ) ਤੋਂ ਲੈ ਰਹੇ ਹੋ।
- ਜੇ ਤੁਸੀਂ ਡੇਲਾਵਰਡੀਨ (Delavirdine) ਲੈਂਦੇ ਹੋਵੋ ਤਾਂ ਹੇਠ ਦਰਜ ਦਵਾਈਆਂ ਲੈਣ ਤੋਂ ਪਰਹੇਜ਼ ਕਰੋ।:

~ ਹਿੱਸਮਨਾਲ (ਅਸਟੈਮਿਜ਼ੋਲ)
~ ਸੈਲਡੇਨ (ਟੈਰਫ਼ੈਨਡੀਨ)
~ ਸੀਸਾਪਰਾਈਡ (ਪ੍ਰੈਪੁਲਸਿਡ)
~ ਰਿਫ਼ਾਮਪਿੰਨ

- ਡੇਲਾਵਰਡੀਨ (Delavirdine) ਏਚ ਆਈ ਵੀ (HIV) ਦੀਆਂ ਦੂਜੀਆਂ ਦਵਾਈਆਂ, ਜਿੰਨ੍ਹਾਂ ਨੂੰ ਪ੍ਰੋਟੇਜ਼ ਇੰਨਹਿਬਿਟਰਜ਼ ਕਿਹਾ ਜਾਂਦਾ ਹੈ,ਦੇ ਖ਼ੂਨ ਦੀ ਪੱਧਰ ਉਤੇ ਅਸਰ ਪਾਉਂਦੀ ਹੈ।:

~ ਸਾਕੁਈਨਾਵੀਰ (ਫ਼ਾਰਟੋਵੇਸ ਐਂਡ ਇੰਨਵਿਰੇਸ)
~ ਇੰਨਡੀਨਾਵੀਰ (ਕ੍ਰਿਕਸੀਵੈਨ)
~ ਰਿਟਾਨਾਵੀਰ (ਨੋਰਵਿਰ)
~ ਨੈਲਫ਼ੀਨਾਵਿਰ (ਵਿਰਾਸੈਪਟ)
~ ਲੋਪੀਨਾਵੀਰ (ਕਾਲੈਟਰਾ)
~ ਐਂਪਰੈਨਾਵੀਰ (ਐਜਨਰੇਜ਼)

ਜੇ ਤੁਸੀਂ ਡੇਲਾਵਰਡੀਨ (Delavirdine) ਅਤੇ ਇਨ੍ਹਾਂ ਵਿੱਚੋਂ ਕੋਈ ਇੱਕ ਦਵਾਈ ਮਿਲਾ ਕੇ ਲੈ ਰਹੇ ਹੋਵੋ, ਤਾਂ ਉਨ੍ਹਾਂ ਦੀ ਖ਼ੁਰਾਕ ਨੂੰ ਘੱਟ ਵੱਧ ਕਰਨ ਦੀ ਲੋੜ ਪੈ ਸਕਦੀ ਹੈ।

- ਡੇਲਾਵਰਡੀਨ (Delavirdine) ਲੈਣ ਅਤੇ ddI, ਅਤੇ ਅੰਟੈਸਿਡਜ਼ ਜਿਵੇਂ ਕਿ ਟੰਮਜ਼,ਰੋਲੇਡਜ਼ ਜਾਂ ਮੇਲਾਕਸ ਲੈਣ ਵਿਚਕਾਰ ਘੱਟੋ ਘੱਟ ਇੱਕ ਘੰਟੇ ਦਾ ਫ਼ਰਕ ਹੋਣਾ ਚਾਹੀਦਾ ਹੈ।

**ਕੀ ਮੈਂ ਡੇਲਾਵਰਡੀਨ (Delavirdine) ਨੂੰ ਸ਼ਰਾਬ ਜਾਂ ਬਜ਼ਾਰੂ ਡਰੱਗਾਂ ਦੇ ਨਾਲ ਲੈ ਸਕਦਾ ਹਾਂ?**

- ਆਮ ਤੌਰ ਤੇ, ਜਦੋਂ ਤੁਸੀਂ ਏਚ ਆਈ ਵੀ (HIV) ਵਿਰੁੱਧ ਦਵਾਈ ਲੈਂਦੇ ਹੋਵੋ ਤਾਂ ਚੰਗਾ ਇਹ ਹੈ ਕਿ ਤੁਸੀਂ ਸ਼ਰਾਬ ਅਤੇ ਬਜ਼ਾਰੂ ਡਰੱਗਾਂ ਦੀ ਬਹੁਤੀ ਵਰਤੋਂ ਤੋਂ ਪਰਹੇਜ਼ ਕਰੋ।
- ਸ਼ਰਾਬ ਤੁਹਾਡੇ ਵੱਲੋਂ ਲੱਈਆਂ ਜਾ ਰਹੀਆਂ ਕੁਝ ਦਵਾਈਆਂ 'ਤੇ ਮੰਦਾ ਅਸਰ ਕਰ ਸਕਦੀ ਹੈ। ਇਸ ਕਾਰਨ (ਦਵਾਈ ਦੀ) ਖ਼ੁਰਾਕ ਲੈਣੀ ਨਾ ਖੁੰਝੋ ਕਿਉਂਕਿ ਤੁਸੀਂ ਸ਼ਰਾਬ ਪੀਣੀ ਚਾਹੁੰਦੇ ਹੋ।
- ਡੇਲਾਵਰਡੀਨ (Delavirdine) ਅਤੇ ਬਾਜ਼ਾਰੂ ਡਰੱਗਾਂ ਦਾ ਪਰਸਪਰ ਮੰਦਾ ਅਸਰ ਹੋ ਸਕਦਾ ਹੈ। ਜੇ ਤੁਸੀਂ ਬਜ਼ਾਰੂ ਡਰੱਗਾਂ ਲੈ ਰਹੇ ਹੋਵੋ ਤਾਂ ਆਪਣੇ ਡਾਕਟਰ ਜਾਂ ਦਵਾਈ ਫ਼ਰੋਸ਼ ਨਾਲ ਗੱਲਬਾਤ ਕਰੋ ਉਹ ਤੁਹਾਨੂੰ ਜ਼ਰੂਰੀ ਸਾਵਧਾਨੀ ਵਰਤਣ ਬਾਰੇ ਮਸ਼ਵਰਾ ਦੇ ਸਕਦੇ ਹਨ।

# ਡੇਲਾਵਰਡੀਨ (Delavirdine) (ੂਇਸਚਰਪਿਟੋਰ)



**ਗਰਭਵਤੀ ਹੋਣ ਜਾਂ ਛਾਤੀ ਦਾ ਦੁੱਧ ਚੁੰਘਾਉਣ ਦੀ ਸਥਿਤੀ ਵਿੱਚ ਕੀ ਮੈਂ ਡੇਲਾਵਰਡੀਨ** (Delavirdine) **ਲੈ ਸਕਦੀ ਹਾਂ?**

- ਜੇ ਤੁਸੀਂ ਗਰਭਵਤੀ ਹੋ ਅਤੇ ਡੇਲਾਵਰਡੀਨ (Delavirdine) ਲੈਣੀ ਚਾਹੁੰਦੇ ਹੋਵੋ ਤਾਂ ਦਵਾਈ ਲੈਣ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।
- ਕਿਉਂਕਿ ਏਚ ਆਈ ਵੀ (HIV) ਦੀ ਬਿਮਾਰੀ ਛਾਤੀ ਦੇ ਦੁੱਧ ਰਾਹੀਂ ਵੀ ਲੱਗ ਸਕਦੀ ਹੈ, ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ HIV (ਏਚ ਆਈ ਵੀ) ਦੀਆਂ ਯਕੀਨੀ ਬਿਮਾਰ ਔਰਤਾਂ ਛਾਤੀ ਦਾ ਦੁੱਧ ਨਾ ਚੁੰਘਾਉਣ।

**ਡੇਲਾਵਰਡੀਨ** (Delavirdine) **ਲੈਣ ਲਗਿਆਂ ਕਿਹੜੀਆਂ ਹੋਰ ਗੱਲਾਂ ਬਾਰੇ ਮੈਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ?**

- ਡੇਲਾਵਰਡੀਨ (Delavirdine) ਤੁਹਾਡੇ ਜਿਗਰ ‘ਤੇ ਅਸਰ ਕਰ ਸਕਦੀ ਹੈ। ਜਿਗਰ ਦੀ ਹਾਲਤ ਦਾ ਪਤਾ ਲਾਉਣ ਲਈ ਖ਼ੂਨ ਦੇ ਟੈੱਸਟ ਕਰਵਾਉਣ ਵਾਸਤੇ ਬਾਕਾਇਦਗੀ ਨਾਲ ਆਪਣੇ ਡਾਕਟਰ ਕੋਲ ਜਾਂਦੇ ਰਹੋ।
- ਯਕੀਨੀ ਬਣਾਓ ਕਿ ਤੁਹਾਨੂੰ ਦਵਾਈ ਲਗਾਤਾਰ ਮਿਲਦੀ ਰਹੇ।
- ਡੇਲਾਵਰਡੀਨ (Delavirdine) ਵਾਇਰਸ ਨੂੰ ਖ਼ਤਮ ਨਹੀਂ ਕਰਦੀ ਜਾਂ ਏਡਜ਼ ਦਾ ਇਲਾਜ ਨਹੀਂ ਕਰਦੀ। ਇਹ ਏਚ ਆਈ ਵੀ (HIV) ਨੂੰ ਲਗਨ ਤੂੰ ਵੀ ਨਹੀਂ ਰੋਕਦੀ, ਇਸ ਲਈ ਯਾਦ ਰੱਖੋ ਕਿ ਸੰਭੋਗ ਕਰਨ ਸਮੇਂ (ਲੇਟੈਕਸ ਕਾਂਡੰਮਜ਼ ਦੀ ਵਰਤੋਂ) ਜਾਂ ਡਰੱਗਾਂ ਵਰਤਦਿਆਂ (ਸਾਫ਼ ਸੂਈਆਂ) ਸਾਵਧਾਨੀ ਵਰਤੋ।



ਖ਼ਾਸ ਡਾਕਟਰੀ ਇਲਾਜਾਂ ਲਈ ਫ਼ੈਸਲੇ ਅਜਿਹੇ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਕਰ ਕੇ ਕੀਤੇ ਜਾਣੇ ਚਾਹੀਦੇ ਹਨ ਜੋ ਐੱਚ ਆਈ ਵੀ (HIV) ਨਾਲ ਸੰਬੰਧਤ ਬਿਮਾਰੀਆਂ ਅਤੇ ਵਿਚਾਰ ਅਧੀਨ ਇਲਾਜਾਂ ਬਾਰੇ ਜਾਣਕਾਰੀ ਰੱਖਦੇ ਹੋਣ।

ਐੱਚ ਆਈ ਵੀ/ਏਡਜ਼ (HIV/AIDS) ਦੇ ਅਜਿਹੇ ਬਿਮਾਰ ਲੋਕ ਜੋ ਦੇਖ-ਭਾਲ ਪਰਦਾਨ ਕਰਨ ਵਾਲਿਆਂ ਨਾਲ ਮਿਲ ਕੇ ਆਪਣੀ ਸੇਹਤ ਦੀ ਸੰਭਾਲ ਕਰਨਾ ਚਾਹੁੰਦੇ ਹੋਣ ਦੀ ਮਦਦ ਕਰਨ ਲਈ ਕਨੇਡੀਅਨ ਐਡਜ਼ ਟਰੀਟਮੈਂਟ ਇੰਨਫ਼ਰਮੇਸ਼ਨ ਐਕਸਚੇਂਜ (Canadian AIDS Treatment Information Exchange) (CATIE) ਅਤੇ ਅਲਾਇਐਂਸ ਫ਼ਾਰ ਸਾਊਥ ਏਸ਼ੀਅਨ ਏਡਜ਼ ਪਰੀਵੈਨਸ਼ਨ (ASAAP) ਨੇਕ ਨੀਤੀ ਨਾਲ ਉਨ੍ਹਾਂ ਨੂੰ ਜਾਣਕਾਰੀ ਦੇ ਸਾਧਨ ਮੁਹੱਈਆ ਕਰਦੇ ਹਨ। ਫ਼ਿਰ ਵੀ, ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਡਾਕਟਰੀ ਮਸ਼ਵਰਾ ਨਹੀਂ ਮੰਨਿਆ ਜਾਂਦਾ। ਅਸੀਂ ਕਿਸੇ ਖ਼ਾਸ ਇਲਾਜ ਦੀ ਸਿਫ਼ਾਰਸ਼ ਜਾਂ ਵਕਾਲਤ ਨਹੀਂ ਕਰਦੇ ਅਤੇ ਅਸੀਂ (ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਬੇਣਤੀ ਕਰਦੇ ਹਾਂ ਕਿ ਉਹ ਜਿੱਥੋਂ ਤੀਕ ਹੋ ਸਕੇ ਵੱਧ ਤੋਂ ਵੱਧ ਸਾਧਨਾਂ ਨਾਲ ਸੰਪਰਕ ਕਰਨ।(ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਅਸੀਂ ਜ਼ੋਰਦਾਰ ਬੇਣਤੀ ਕਰਦੇ ਹਾਂ ਕਿ ਉਹ ਡਾਕਟਰੀ ਨਾਲ ਸੰਬੰਧਤ ਮਾਮਲੇ ਬਾਰੇ ਫ਼ੈਸਲਾ ਕਰਨ, ਵਰਤਣ ਜਾਂ ਕਾਰਵਾਈ ਕਰਨ ਤੋਂ ਪਹਿਲਾਂ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਜ਼ਰੂਰ ਕਰਨ।

ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਦੇ ਠੀਕ ਅਤੇ ਮੁਕੰਮਲ ਹੋਣ ਬਾਰੇ ਅਸੀਂ ਗਰੰਟੀ ਨਹੀਂ ਕਰਦੇ। ਇਸ ਉੱਤੇ ਨਿਰਭਰ ਕਰਦੇ (ਜਾਣਕਾਰੀ ਦੀ) ਵਰਤੋਂ ਕਰਨ ਵਾਲੇ ਵਿਅਕਤੀ ਖ਼ਤਰੇ ਲਈ ਆਪ ਜ਼ਿੰਮੇਵਾਰ ਹੋਣਗੇ। ਅਜਿਹੀ ਜਾਣਕਾਰੀ ਦੀ ਵਰਤੋਂ ਜਾਂ ਦੁਰਵਰਤੋਂ ਦੇ ਨਤੀਜੇ ਦੇ ਤੌਰ ਤੇ ਹੋਈ ਹਾਨੀ ਲਈ ਨਾਂ ਤਾਂ ਸੀ ਏ ਟੀ ਆਈ ਈ (CATIE) ਨਾਂ ਹੀ ਏ ਐੱਸ ਏ ਏ ਪੀ (ASAAP) ਨਾ ਹੀ ਕਨੇਡਾ ਦੀ ਪਬਲਿਕ ਹੈਲਥ ਏਜੰਸੀ, ਨਾ ਹੀ ਉਨ੍ਹਾਂ ਦੇ ਕਰਮਚਾਰੀਆਂ, ਡਾਇਰੈਕਟਰਾਂ, ਅਫ਼ਸਰਾਂ ਜਾਂ ਵਲੰਟੀਅਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਇਥੇ ਪਰਗਟ ਕੀਤੇ ਗਏ ਜਾਂ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੇ ਜਾਂ ਪ੍ਰਕਾਸ਼ਤ ਕੀਤੇ ਜਾਂ ਇਸ ਰਾਹੀਂ ਪ੍ਰਾਪਤ ਕੀਤੇ ਗਏ ਵਿਚਾਰ ਮੁਕੰਮਲ ਤੌਰ ਤੇ ਲੇਖਕਾਂ ਦੇ ਹਨ ਅਤੇ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਜਾਂ ਕਨੇਡਾ ਦੀ ਪਬਲਿਕ ਹੈਲਥ ਏਜੰਸੀ ਦੀਆਂ ਪਾਲਸੀਆਂ ਅਤੇ ਰਾਵਾਂ ਦੀ ਪ੍ਰਤੀਨਿੱਧਤਾ ਨਹੀਂ ਕਰਦੇ।

Copyright: This Fact Sheet is made available through a collaboration between Alliance for South Asian AIDS Prevention (ASAAP), Asian Community AIDS Services (ACAS) and the Canadian AIDS Treatment Information Exhange (CATIE). Original content developed by ACAS, 2001. Translation into Punjabi and Tamil by ASAAP, 2006.

This information is also available in Chinese, Tagalog and Vietnamese www.acas.org

Funding has been provided by the Public Health Agency of Canada

Supported by an unrestricted educational grant from GlaxoSmithKline in partnership with Shire BioChem